**Comprehensive Assessment Feedback**

**Pre-Board Examination (2023-24)**

**Class-X**

**Subject- Punjabi (004)**

**Duration- 3 Hrs** **M.M. 80**

| ਭਾਗ-I : ਪੜ੍ਹਨ ਕੌਸ਼ਲ | | |
|---|---|---|
| **ਪ੍ਰਸ਼ਨ** | **ਵਿਸਥਾਰ** | **ਅੰਕ** |
| 1 | ਅਣਡਿੱਠਾ ਪੈਰਾ ਪੜ੍ਹ ਕੇ ਪੁੱਛੇ ਗਏ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਦਿਉ।<br>ਨੋਟ- ਹਰੇਕ ਸਹੀ ਵਿਕਲਪ ਲਈ ਇੱਕ ਅੰਕ ਹੈ। | 6x1=6 |
| (i) | ਪ੍ਰ੦- ਮਹਾਂਪੁਰਖਾਂ ਦੀ ਪਵਿੱਤਰ ਚਰਨ ਛੋਹ ਕਿਸ ਧਰਤੀ ਨੂੰ ਪ੍ਰਾਪਤ ਹੈ?<br>ਉ੦- ਸਹੀ ਵਿਕਲਪ **(ੲ) ਪੰਜਾਬ ਦੀ**<br>**ਮੁਲਾਂਕਣ**- ਜੇਕਰ ਵਿਦਿਆਰਥੀ ਕੇਰਲ,ਇੰਗਲੈਂਡ,ਕਨੇਡਾ ਆਦਿ ਵਿਕਲਪ ਲਿਖਦਾ ਹੈ ਤਾਂ ਇਹ ਗਲਤ ਹੋਣਗੀਆਂ ਕਿਉਂਕਿ ਪੈਰੇ ਵਿੱਚ ਇਹਨਾਂ ਥਾਵਾਂ ਦਾ ਜ਼ਿਕਰ ਨਹੀਂ ਹੈ। ਪੈਰੇ ਅਨੁਸਾਰ **(ੲ) ਪੰਜਾਬ ਦੀ** ਵਿਕਲਪ ਸਹੀ ਹੈ। ਸਹੀ ਵਿਕਲਪ ਲਿਖਣ 'ਤੇ ਇੱਕ ਅੰਕ ਦਿੱਤਾ ਜਾਏਗਾ।<br>**ਸੁਝਾਵ**- ਵਿਦਿਆਰਥੀ ਨੂੰ ਪੂਰਾ ਪੈਰਾ ਅਤੇ ਸਾਰੇ ਵਿਕਲਪਾਂ ਨੂੰ ਬਹੁਤ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | 1 |
| (ii) | ਪ੍ਰ੦- ਅੰਮ੍ਰਿਤਸਰ ਸ਼ਹਿਰ ਵੱਸਣ ਤੋਂ ਪਹਿਲਾਂ ਇਹ ਸਥਾਨ ਕਿਹੋ ਜਿਹਾ ਸੀ?<br>ਉ੦- ਸਹੀ ਵਿਕਲਪ **(ਸ) ਸੁੰਦਰ ਤੇ ਰਮਣੀਕ**<br>**ਮੁਲਾਂਕਣ**- ਜੇਕਰ ਵਿਦਿਆਰਥੀ ਬੰਜਰ,ਰੇਤੀਲਾ,ਪਹਾੜੀ ਵਿਕਲਪ ਲਿਖਦਾ ਹੈ ਤਾਂ ਇਹ ਗਲਤ ਹੈ ਕਿਉਂਕਿ ਅੰਮ੍ਰਿਤਸਰ ਸ਼ਹਿਰ ਦੀ ਭੂਗੋਲਿਕ ਦਸ਼ਾ ਅਜਿਹੀ ਨਹੀਂ ਹੈ।<br>**ਸੁਝਾਵ-** ਵਿਦਿਆਰਥੀਆਂ ਨੂੰ ਅੰਮ੍ਰਿਤਸਰ ਸ਼ਹਿਰ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ। | 1 |
| (iii) | ਪ੍ਰ੦- ਗੁਰੂ ਅਮਰਦਾਸ ਜੀ ਨੇ ਕਿਸਨੂੰ ਅੰਮ੍ਰਿਤਸਰ ਵਿੱਚ ਸਰੋਵਰ ਦਾ ਨਿਰਮਾਣ ਕਰਨ ਲਈ ਭੇਜਿਆ?<br>ਉ੦- ਸਹੀ ਵਿਕਲਪ **(ੲ) ਗੁਰੂ ਰਾਮਦਾਸ ਜੀ ਨੂੰ**<br>**ਮੁਲਾਂਕਣ**- ਜੇਕਰ ਵਿਦਿਆਰਥੀ ਗੁਰੂ ਅਰਜਨ ਦੇਵ ਜੀ, ਗੁਰੂ ਹਰਗੋਬਿੰਦ ਜੀ,ਗੁਰੂ ਹਰਿਕ੍ਰਿਸ਼ਨ ਜੀ ਵਿਕਲਪ ਲਿਖਦਾ ਹੈ ਤਾਂ ਇਹ ਗਲਤ ਹੈ ਕਿਉਂਕਿ ਗੁਰੂ ਰਾਮਦਾਸ ਜੀ ਗੁਰੂ ਅਮਰਦਾਸ ਜੀ ਤੋਂ ਬਾਅਦ ਗੁਰੂ ਬਣੇ ਸਨ ਬਾਕੀ ਉਪਰੋਕਤ ਸਾਰੇ ਗੁਰੂ ਰਾਮਦਾਸ ਜੀ ਦੇ ਪੁੱਤਰ,ਪੋਤੇ ਅਤੇ ਪੜੋਤੇ ਸਨ। | 1 |

DoE Delhi

| | | |
|---|---|---|
| | **ਸੁਝਾਵ-** ਵਿਦਿਆਰਥੀਆਂ ਨੂੰ ਦਸਾਂ ਗੁਰੂਆਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ। | |
| (iv) | ਪ੍ਰ੦- ਅੰਮ੍ਰਿਤਸਰ ਨੂੰ ਵਸਾਉਣ ਦੀ ਸ਼ੁਰੂਆਤ ਕਦੋਂ ਹੋਈ?<br>ਉ੦- ਸਹੀ ਵਿਕਲਪ **(ਸ) 1570 ਈ. ਵਿੱਚ**<br>**ਮੁਲਾਂਕਣ**-ਜੇਕਰ ਵਿਦਿਆਰਥੀ 1565 ਈ. ਵਿੱਚ, 1550 ਈ. ਵਿੱਚ,1600 ਈ. ਵਿੱਚ ਵਿਕਲਪ ਲਿਖਦਾ ਹੈ ਤਾਂ ਇਹ ਗਲਤ ਹੈ ਕਿਉਂਕਿ ਇਤਿਹਾਸਿਕ ਵੇਰਵੇ ਅਨੁਸਾਰ ਇਹ ਕੰਮ ਇਸ ਸਮੇਂ ਨਹੀਂ ਹੋਇਆ।<br>**ਸੁਝਾਵ-** ਵਿਦਿਆਰਥੀ ਇਸ ਸੰਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ। | 1 |
| (v) | ਪ੍ਰ੦- ਅੰਮ੍ਰਿਤਸਰ ਵਿੱਚ ਪੰਜਾਬੀ ਦੀ ਕਿਹੜੀ ਉਪਭਾਸ਼ਾ ਬੋਲੀ ਜਾਂਦੀ ਹੈ?<br>ਉ੦- ਸਹੀ ਵਿਕਲਪ **(ਅ) ਮਾਝੀ**<br>**ਮੁਲਾਂਕਣ-** ਜੇਕਰ ਵਿਦਿਆਰਥੀ ਦੁਆਬੀ,ਮਲਵਈ,ਪੋਠੋਹਾਰੀ ਵਿਕਲਪ ਲਿਖਦਾ ਹੈ ਤਾਂ ਇਹ ਗਲਤ ਹੈ ਕਿਉਂਕਿ ਦਰਿਆਵਾਂ ਦੇ ਆਧਾਰ ਤੇ ਹੋਈ ਭੂਗੋਲਿਕ ਵੰਡ ਕਾਰਨ ਹਰੇਕ ਖੇਤਰ ਦੀ ਅਲਗ ਉਪਭਾਸ਼ਾ ਹੈ।<br>**ਸੁਝਾਵ-** ਵਿਦਿਆਰਥੀ ਉਪਭਾਸ਼ਾਵਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ। | 1 |
| (vi) | ਪ੍ਰ੦- 1573 ਈਸਵੀ ਵਿੱਚ ਕਿਸ ਦੀ ਖੁਦਾਈ ਦਾ ਕੰਮ ਸ਼ੁਰੂ ਹੋਇਆ?<br>ਉ੦- ਸਹੀ ਵਿਕਲਪ **(ੳ) ਸਰੋਵਰ ਦੀ**<br>**ਮੁਲਾਂਕਣ-** ਜੇਕਰ ਵਿਦਿਆਰਥੀ ਨਹਿਰ ਦੀ,ਖਾਨ ਦੀ,ਖੂਹ ਦੀ ਵਿਕਲਪ ਲਿਖਦਾ ਹੈ ਤਾਂ ਇਹ ਗਲਤ ਹੈ ਕਿਉਂਕਿ ਉਪਰੋਕਤ ਪੈਰੇ ਅਨੁਸਾਰ ਇਸ ਸਾਲ ਵਿੱਚ ਇਸੇ ਕੰਮ ਦਾ ਜ਼ਿਕਰ ਹੈ।<br>**ਸੁਝਾਵ-** ਵਿਦਿਆਰਥੀ ਪੈਰੇ ਨੂੰ ਅਤੇ ਦਿੱਤੇ ਵਿਕਲਪਾਂ ਨੂੰ ਧਿਆਨ ਨਾਲ ਪੜ੍ਹੇ। | 1 |
| 2 | ਅਣਡਿੱਠੀ ਕਾਵਿ ਟੁਕੜੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ।<br>ਨੋਟ- ਹਰੇਕ ਸਹੀ ਵਿਕਲਪ ਲਈ ਇੱਕ ਅੰਕ ਹੈ। | 4x1=4 |
| (i) | ਪ੍ਰ੦- ਉਪਰੋਕਤ ਕਾਵਿ-ਟੁਕੜੀ ਵਿੱਚ ਕਿਹੜੀ ਥਾਂ ਦੇ ਗੱਭਰੂਆਂ ਬਾਰੇ ਗੱਲ ਕੀਤੀ ਗਈ ਹੈ?<br>ਉ੦- ਪੰਜਾਬ ਦੇ ਗੱਭਰੂਆਂ ਬਾਰੇ<br>**ਮੁਲਾਂਕਣ-** ਜੇਕਰ ਵਿਦਿਆਰਥੀ ਕੋਈ ਹੋਰ ਖੇਤਰ ਲਿਖਦਾ ਹੈ ਤਾਂ ਇਹ ਗਲਤ ਹੈ ਕਿਉਂਕਿ ਕਾਵਿ ਟੁਕੜੀ ਵਿੱਚ ਪੰਜਾਬ ਤੋਂ ਇਲਾਵਾ ਕਿਸੇ ਹੋਰ ਖੇਤਰ ਦਾ ਜ਼ਿਕਰ ਨਹੀਂ ਹੈ।<br>**ਸੁਝਾਵ-** ਵਿਦਿਆਰਥੀ ਦਿੱਤੀ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹਨ। | 1 |
| (ii) | ਪ੍ਰ੦- ਪੰਜਾਬ ਦੇ ਗੱਭਰੂ ਇਕੱਠੇ ਹੋ ਕੇ ਕੀ ਪਾਉਂਦੇ ਹਨ?<br>ਉ੦- ਬੋਲੀਆਂ ਪਾਉਂਦੇ<br>**ਮੁਲਾਂਕਣ-** ਪੰਜਾਬ ਦੇ ਗੱਭਰੂ ਇਕੱਠੇ ਹੋ ਕੇ ਕਈ ਗਤੀਵਿਧੀਆਂ ਕਰਦੇ ਹਨ ਪਰੰਤੂ ਦਿੱਤੀ ਕਾਵਿ-ਟੁਕੜੀ ਅਨੁਸਾਰ ਬੋਲੀਆਂ ਪਾਉਣਾ ਸਹੀ ਉੱਤਰ ਹੈ। | 1 |

DoE, Delhi

| | | |
|---|---|---|
| | **ਸੁਝਾਵ-** ਵਿਦਿਆਰਥੀ ਪੰਜਾਬ ਦੇ ਗੱਭਰੂਆਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ। | |
| (iii) | ਪ੍ਰ੦- ਪੰਜਾਬ ਦੇ ਲੋਕ ਕੀ ਨਹੀਂ ਸਹਿੰਦੇ ਹਨ?<br>ਉ੦- ਤੜ੍ਹੀਆਂ (ਆਕੜ)<br>**ਮੁਲਾਂਕਣ-** ਇਸ ਪ੍ਰਸ਼ਨ ਵਿੱਚ ਪੰਜਾਬੀਆਂ ਦੇ ਸੁਭਾਅ ਦੀ ਵਿਸ਼ੇਸ਼ਤਾ ਪੁੱਛੀ ਗਈ ਹੈ ਤੇ ਕਾਵਿ-ਟੁਕੜੀ ਵਿੱਚ ਇੱਕ ਵਿਸ਼ੇਸ਼ਤਾ ਦਾ ਜ਼ਿਕਰ ਵੀ ਕੀਤਾ ਗਿਆ ਹੈ।<br>**ਸੁਝਾਵ-** ਵਿਦਿਆਰਥੀਆਂ ਨੂੰ ਪੰਜਾਬੀ ਸੁਭਾਅ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ। | 1 |
| (iv) | ਪ੍ਰ੦- ਉਪਰੋਕਤ ਕਾਵਿ-ਟੁਕੜੀ ਵਿੱਚ ਕਿਹੜੇ ਲੋਕ-ਨਾਚ ਦਾ ਜ਼ਿਕਰ ਆਇਆ ਹੈ?<br>ਉ੦- ਭੰਗੜਾ<br>**ਮੁਲਾਂਕਣ-** ਉਪਰੋਕਤ ਕਾਵਿ-ਟੁਕੜੀ ਵਿੱਚ ਕਿਸੇ ਹੋਰ ਲੋਕ-ਨਾਚ ਦਾ ਜ਼ਿਕਰ ਨਹੀਂ ਹੈ।<br>**ਸੁਝਾਵ-** ਵਿਦਿਆਰਥੀ ਪੰਜਾਬ ਦੇ ਲੋਕ-ਨਾਚਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ। | 1 |
| | **ਭਾਗ-II : ਵਿਆਕਰਨ** | |
| 3. | ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>ਨੋਟ- ਕਿਸੇ ਦੋ ਸਹੀ ਸਮਾਸੀ ਸ਼ਬਦਾਂ ਲਈ ਦੋ ਅੰਕ ਦਿੱਤੇ ਜਾਣਗੇ। | 2x1=2 |
| (i) | 'ਧਰਮ ਅਤੇ ਕਰਮ' ਲਈ ਸਹੀ ਸਮਾਸੀ ਸ਼ਬਦ ਚੁਣੋ:<br>ਉ੦- ਸਹੀ ਵਿਕਲਪ **(ੲ) ਧਰਮ-ਕਰਮ**<br>**ਮੁਲਾਂਕਣ-** ਬਾਕੀ ਵਿਕਲਪ ਸਹੀ ਸਮਾਸੀ ਸ਼ਬਦ ਨਹੀਂ ਹਨ।<br>**ਸੁਝਾਵ-** ਵਿਦਿਆਰਥੀ ਵਿਸਥਾਰ ਸਹਿਤ ਸਮਾਸੀ ਸ਼ਬਦਾਂ ਦੇ ਨਿਯਮਾਂ ਦਾ ਅਭਿਆਸ ਕਰਨ। | |
| (ii) | ਹੇਠ ਲਿਖੇ ਵਿਕਲਪਾਂ ਵਿੱਚੋਂ ਕਿਹੜੇ ਵਿਰੋਧੀ ਅਰਥਾਂ ਵਾਲਾ ਸਮਾਸੀ ਸ਼ਬਦ ਹੈ?<br>ਉ੦- ਸਹੀ ਵਿਕਲਪ **(ਅ) ਖੱਟਾ-ਮਿੱਠਾ**<br>**ਮੁਲਾਂਕਣ-** ਬਾਕੀ ਸਾਰੇ ਵਿਕਲਪ ਸਮਾਨ ਅਰਥਾਂ ਵਾਲੇ ਸਮਾਸੀ ਸ਼ਬਦ ਹਨ।<br>**ਸੁਝਾਵ-** ਵਿਦਿਆਰਥੀ ਵੱਖ-ਵੱਖ ਕਿਸਮਾਂ ਦੇ ਸਮਾਸੀ ਸ਼ਬਦਾਂ ਦਾ ਅਭਿਆਸ ਕਰਨ। | |
| (iii) | ਹੇਠ ਲਿਖੇ ਵਿਕਲਪਾਂ ਵਿੱਚੋਂ ਕਿਹੜਾ ਵਿਰੋਧੀ ਅਰਥਾਂ ਵਾਲਾ ਸਮਾਸੀ ਸ਼ਬਦ ਨਹੀਂ ਹੈ?<br>ਉ੦- ਸਹੀ ਵਿਕਲਪ **(ਅ) ਟੁੱਟ-ਭੱਜ**<br>**ਮੁਲਾਂਕਣ-** ਬਾਕੀ ਸਾਰੇ ਵਿਕਲਪ ਵਿਰੋਧੀ ਅਰਥਾਂ ਵਾਲੇ ਸਮਾਸੀ ਸ਼ਬਦ ਹਨ।<br>**ਸੁਝਾਵ-** ਵਿਦਿਆਰਥੀ ਵੱਖ-ਵੱਖ ਕਿਸਮਾਂ ਦੇ ਸਮਾਸੀ ਸ਼ਬਦਾਂ ਦਾ ਅਭਿਆਸ ਕਰਨ। | |
| 4 | ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>ਨੋਟ- ਕਿਸੇ ਦੋ ਸਹੀ ਬਹੁ-ਅਰਥਕ ਸ਼ਬਦਾਂ ਲਈ ਦੋ ਅੰਕ ਦਿੱਤੇ ਜਾਣਗੇ। | 2x1=2 |
| (i) | ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਬੋਲੀ' ਦਾ ਬਹੁ-ਅਰਥਕ ਨਹੀਂ ਹੈ?<br>ਉ੦- ਸਹੀ ਵਿਕਲਪ **(ਅ) ਆਦਤ**<br>**ਮੁਲਾਂਕਣ-** ਭਾਸ਼ਾ,ਬੋਲਣਾ,ਨਿਲਾਮੀ ਸਾਰੇ ਸ਼ਬਦ 'ਬੋਲੀ' ਦੇ ਬਹੁ-ਅਰਥਕ ਹਨ। | |

DoE, Delhi

| | | |
|---|---|---|
| | **ਸੁਝਾਵ-** ਵਿਦਿਆਰਥੀਆਂ ਨੂੰ ਬਹੁ-ਅਰਥਕ ਸ਼ਬਦ ਵਿਸਥਾਰ ਨਾਲ ਪੜ੍ਹਨੇ ਚਾਹੀਦੇ ਹਨ। | |
| (ii) | 'ਵਾਰ' ਸ਼ਬਦ ਲਈ ਬਹੁ-ਅਰਥਕ ਸ਼ਬਦ ਸਮੂਹ ਚੁਣੋ:<br>ਉ੦- ਸਹੀ ਵਿਕਲਪ **(ਅ) ਦਿਨ,ਹਮਲਾ,ਜਸ ਦੀ ਕਵਿਤਾ**<br>**ਮੁਲਾਂਕਣ-** ਬਾਕੀ ਦਿੱਤੇ ਵਿਕਲਪ 'ਵਾਰ' ਸ਼ਬਦ ਲਈ ਢੁਕਵੇਂ ਬਹੁ-ਅਰਥਕ ਸ਼ਬਦ ਨਹੀਂ ਹਨ।<br>**ਸੁਝਾਵ-** ਵਿਦਿਆਰਥੀਆਂ ਨੂੰ ਬਹੁ-ਅਰਥਕ ਸ਼ਬਦਾਂ ਦਾ ਵੱਧ ਤੋਂ ਵੱਧ ਅਭਿਆਸ ਕਰਨਾ ਚਾਹੀਦਾ ਹੈ। | |
| (iii) | ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਡੰਡੀ' ਦਾ ਬਹੁ-ਅਰਥਕ ਨਹੀਂ ਹੈ?<br>ਉ੦- ਸਹੀ ਵਿਕਲਪ **(ੳ) ਲੀਰ**<br>**ਮੁਲਾਂਕਣ-** ਬਾਕੀ ਸਾਰੇ ਵਿਕਲਪ 'ਡੰਡੀ' ਸ਼ਬਦ ਦੇ ਬਹੁ-ਅਰਥਕ ਹਨ।<br>**ਸੁਝਾਵ-** ਵਿਦਿਆਰਥੀਆਂ ਨੂੰ ਧਿਆਨਪੂਰਵਕ ਸਮਝ ਕੇ ਬਹੁ-ਅਰਥਕ ਸ਼ਬਦਾਂ ਦਾ ਅਭਿਆਸ ਕਰਨਾ ਚਾਹੀਦਾ ਹੈ। | |
| 5 | ਕਿਰਿਆ ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>ਨੋਟ- ਕਿਸੇ ਦੋ ਸਹੀ ਕਿਰਿਆ ਵਿਸ਼ੇਸ਼ਣ ਸ਼ਬਦਾਂ ਲਈ ਦੋ ਅੰਕ ਦਿੱਤੇ ਜਾਣਗੇ। | 2x1=2 |
| (i) | ਹੇਠ ਲਿਖੇ ਸ਼ਬਦ ਸਮੂਹ ਵਿੱਚੋਂ ਕਾਲਵਾਚਕ ਕਿਰਿਆ ਵਿਸ਼ੇਸ਼ਣ ਵਾਲਾ ਸ਼ਬਦ ਸਮੂਹ ਚੁਣੋ।<br>ਉ੦- ਸਹੀ ਵਿਕਲਪ **(ਸ) ਸਵੇਰੇ,ਸ਼ਾਮ,ਸਮੇਂ ਸਿਰ**<br>**ਮੁਲਾਂਕਣ-** ਬਾਕੀ ਵਿਕਲਪ ਕਿਰਿਆ ਵਿਸ਼ੇਸ਼ਣ ਦੀਆਂ ਹੋਰ ਕਿਸਮਾਂ ਨਾਲ ਸੰਬੰਧਤ ਹਨ।<br>**ਸੁਝਾਵ-** ਵਿਦਿਆਰਥੀਆਂ ਨੂੰ ਕਿਰਿਆ ਦੀਆਂ ਕਿਸਮਾਂ ਦਾ ਅੰਤਰ ਸਪਸ਼ਟ ਹੋਣਾ ਚਾਹੀਦਾ ਹੈ। | |
| (ii) | ਜਿਹੜੇ ਕਿਰਿਆ ਵਿਸ਼ੇਸ਼ਣਾਂ ਤੋਂ ਕਿਰਿਆ ਦੇ ਕੰਮ ਦੀ ਤਾਕੀਦ ਜਾਂ ਪਕਿਆਈ ਦਾ ਪਤਾ ਲੱਗੇ,ਉਹਨਾਂ ਨੂੰ ਕੀ ਕਿਹਾ ਜਾਂਦਾ ਹੈ?<br>ਉ੦- ਸਹੀ ਵਿਕਲਪ **(ਅ) ਤਾਕੀਦਵਾਚਕ ਕਿਰਿਆ ਵਿਸ਼ੇਸ਼ਣ**<br>**ਮੁਲਾਂਕਣ-** ਬਾਕੀ ਵਿਕਲਪ ਕਿਰਿਆ ਵਿਸ਼ੇਸ਼ਣ ਦੀਆਂ ਹੋਰ ਕਿਸਮਾਂ ਬਾਰੇ ਦੱਸਦੇ ਹਨ।<br>**ਸੁਝਾਵ-** ਵਿਦਿਆਰਥੀਆਂ ਨੂੰ ਕਿਰਿਆ ਵਿਸ਼ੇਸ਼ਣ ਦੀਆਂ ਸਾਰੀਆਂ ਕਿਸਮਾਂ ਦਾ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ। | |
| (iii) | ਬਾਹਰ ਠੰਢੀ ਹਵਾ ਚੱਲ ਰਹੀ ਹੈ। ਇਸ ਵਾਕ ਵਿੱਚ ਕਿਰਿਆ ਵਿਸ਼ੇਸ਼ਣ ਚੁਣੋ:<br>ਉ੦- ਸਹੀ ਵਿਕਲਪ **(ੲ) ਠੰਢੀ**<br>**ਮੁਲਾਂਕਣ-** ਇੱਥੇ ਹਵਾ ਦੀ ਵਿਸ਼ੇਸ਼ਤਾ ਦੱਸੀ ਗਈ ਹੈ ਕਿ ਉਹ ਠੰਢੀ ਹੈ।<br>**ਸੁਝਾਵ-** ਵਿਦਿਆਰਥੀਆਂ ਨੂੰ ਕਿਰਿਆ ਵਿਸ਼ੇਸ਼ਣ ਦਾ ਵਿਹਾਰਕ ਗਿਆਨ ਵੀ ਪ੍ਰਾਪਤ ਕਰਨਾ ਚਾਹੀਦਾ ਹੈ। | |
| 6 | ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ) | 1+1=2 |

| | | |
|---|---|---|
| (i) | ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :<br>ਗੈਰ- ਗੈਰ ਜਿੰਮੇਦਾਰ, ਗੈਰ ਹਾਜ਼ਰ<br>ਖੁਸ਼- ਖੁਸ਼ਕਿਸਮਤ, ਖੁਸ਼ਦਿਲ<br>**ਮੁਲਾਂਕਣ-** ਵਿਦਿਆਰਥੀ ਸਹੀ ਸ਼ਬਦ ਬਣਾਉਂਦੇ ਹੋਏ ਹੋਰ ਵੀ ਸ਼ਬਦ ਲਿਖ ਸਕਦੇ ਹਨ। ਦੋ ਸ਼ਬਦਾਂ ਦਾ ਇੱਕ ਅੰਕ ਅਤੇ ਇੱਕ ਸ਼ਬਦ ਦਾ ਅੱਧਾ ਅੰਕ ਦਿੱਤਾ ਜਾਵੇਗਾ।<br>**ਸੁਝਾਵ-** ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਅਗੇਤਰ ਸ਼ਬਦਾਂ ਦਾ ਅਭਿਆਸ ਕਰਨਾ ਚਾਹੀਦਾ ਹੈ। | |
| (ii) | ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :<br>ਆਈ – ਕਮਾਈ, ਸੱਚਾਈ<br>ਆਲੂ- ਸ਼ਰਧਾਲੂ, ਦਿਆਲੂ<br>**ਮੁਲਾਂਕਣ-** ਵਿਦਿਆਰਥੀ ਸਹੀ ਸ਼ਬਦ ਬਣਾਉਂਦੇ ਹੋਏ ਹੋਰ ਵੀ ਸ਼ਬਦ ਲਿਖ ਸਕਦੇ ਹਨ। ਦੋ ਸ਼ਬਦਾਂ ਦਾ ਇੱਕ ਅੰਕ ਅਤੇ ਇੱਕ ਸ਼ਬਦ ਦਾ ਅੱਧਾ ਅੰਕ ਦਿੱਤਾ ਜਾਵੇਗਾ।<br>**ਸੁਝਾਵ-** ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪਿਛੇਤਰ ਸ਼ਬਦਾਂ ਦਾ ਅਭਿਆਸ ਕਰਨਾ ਚਾਹੀਦਾ ਹੈ। | |
| 7 | ਮੁਹਾਵਰੇ (ਹੇਠ ਲਿਖੇ ਵਿੱਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪਸ਼ਟ ਹੋ ਜਾਣ)<br>ਨੋਟ- ਕੋਈ ਚਾਰ ਮੁਹਾਵਰਿਆਂ ਦੇ ਅਰਥ ਸਪਸ਼ਟ ਰੱਖਦੇ ਹੋਏ ਬਣਾਏ ਗਏ ਵਾਕਾਂ ਦੇ ਸਹੀ ਹੋਣ 'ਤੇ ਚਾਰ ਅੰਕ ਦਿੱਤੇ ਜਾਣ। | 4x1=4 |
| (i) | ਕੰਨਾਂ ਨੂੰ ਹੱਥ ਲਾਉਣਾ- | |
| (ii) | ਖੇਰੂੰ- ਖੇਰੂੰ ਹੋਣਾ- | |
| (iii) | ਗੁਲਛੱਰੇ ਉਡਾਉਣੇ- | |
| (iv) | ਘੜੇ ਦੀ ਮੱਛੀ- | |
| (v) | ਚਾਂਦੀ ਦੀ ਜੁੱਤੀ ਮਾਰਨੀ- | |
| (vi) | ਜਾਨ ਸੁੱਕ ਜਾਣੀ- | |
| | **ਮੁਲਾਂਕਣ-** ਵਿਦਿਆਰਥੀ ਅਰਥ ਨੂੰ ਸਪਸ਼ਟ ਰੱਖਦੇ ਹੋਏ ਵਾਕ ਬਣਾਉਣਗੇ।ਸਹੀ ਵਾਕ ਲਈ ਇੱਕ ਅੰਕ ਦਿੱਤਾ ਜਾਵੇਗਾ। ਜੇਕਰ ਵਾਕ ਵਿੱਚ ਅਰਥ ਸਪਸ਼ਟ ਨਹੀਂ ਹੈ ਤਾਂ ਅੰਕ ਨਹੀਂ ਦਿੱਤੇ ਜਾਣਗੇ।<br>**ਸੁਝਾਵ-** ਵਿਦਿਆਰਥੀਆਂ ਨੂੰ ਮੁਹਾਵਰੇ,ਉਸਦੇ ਅਰਥ ਅਤੇ ਵਾਕ ਬਣਾਉਣ ਦਾ ਅਭਿਆਸ ਕਰਨਾ ਚਾਹੀਦਾ ਹੈ। | |
| | **ਭਾਗ- III : ਪ੍ਰਭਾਵਸ਼ਾਲੀ ਲਿਖਣ ਕੌਸ਼ਲ** | |
| 8 | ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ।<br>ਕਰ ਮਜੂਰੀ ਖਾਹ ਚੂਰੀ , ਵਿਗਿਆਨ ਦੇ ਚਮਤਕਾਰ, ਭਰੂਣ ਹੱਤਿਆ | 1x8<br>=8 |

DoE, Delhi

| | | |
|---|---|---|
| | (ਦਿੱਤੇ ਨੁਕਤਿਆਂ ਤੋਂ ਇਲਾਵਾ ਵੀ ਵਿਦਿਆਰਥੀ ਆਪਣੀ ਸਮਝ-ਸੂਝ ਨਾਲ ਵਿਸ਼ੇ ਉੱਤੇ ਲੇਖ ਲਿਖ ਸਕਦਾ ਹੈ) | |
| | ਭੂਮਿਕਾ | 1 |
| | ਪੇਸ਼ਕਾਰੀ | 2 |
| | ਵਿਸ਼ੇ ਦਾ ਗਿਆਨ | 3 |
| | ਸ਼ਬਦ ਚੋਣ | 1 |
| | ਸ਼ਬਦ ਜੋੜ | 1 |
| | **ਮੁਲਾਂਕਣ-** ਜੇਕਰ ਵਿਦਿਆਰਥੀ ਲਿਖੀ ਭੂਮਿਕਾ,ਸ਼ਬਦ ਚੋਣ,ਸ਼ਬਦ ਜੋੜ ਸਹੀ ਲਿਖਦਾ ਹੈ ਤਾਂ ਇੱਕ ਅੰਕ ਦਿੱਤਾ ਜਾਵੇਗਾ। ਵਿਸ਼ੇ ਦੀ ਪੇਸ਼ਕਾਰੀ ਵਿਸ਼ੇ ਅਨੁਰੂਪ ਹੋਣ 'ਤੇ ਦੋ ਅੰਕ ਅਤੇ ਵਿਸ਼ੇ ਦੇ ਨਜ਼ਦੀਕ ਹੋਣ 'ਤੇ ਇੱਕ ਅੰਕ ਦਿੱਤਾ ਜਾਵੇਗਾ। ਜੇਕਰ ਵਿਦਿਆਰਥੀ ਨੂੰ ਵਿਸ਼ੇ ਦਾ ਪੂਰਾ ਗਿਆਨ ਹੈ ਤਾਂ ਸ਼ਬਦ ਸੀਮਾ ਅਨੁਸਾਰ ਪੂਰੇ ਅੰਕ ਦਿੱਤੇ ਜਾਣਗੇ।<br>**ਸੁਝਾਵ-** ਉਪਰੋਕਤ ਅੰਕ ਵੰਡ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਦਿਆਰਥੀ ਲੇਖ ਲਿਖਣ ਦਾ ਅਭਿਆਸ ਕਰਨ। | |
| 9 | ਦਿੱਤੇ ਗਏ ਦੋ ਪੱਤਰਾਂ ਵਿੱਚੋਂ ਕੋਈ ਇੱਕ ਪੱਤਰ ਲਿਖੋ।<br>ਮਿੱਤਰ/ਸਹੇਲੀ ਨੂੰ ਸਕੂਲ ਵਿੱਚ ਮਨਾਏ ਗਏ ਸੁਤੰਤਰਤਾ ਦਿਵਸ ਬਾਰੇ ਪੱਤਰ ਲਿਖੋ।<br>ਜਾਂ<br>ਆਪਣੇ ਸਕੂਲ ਮੁਖੀ ਨੂੰ ਸਕੂਲ ਦੀ ਵਾਲੀਬਾਲ ਟੀਮ ਵਿੱਚ ਸ਼ਾਮਿਲ ਹੋਣ ਲਈ ਆਪਣੀ ਰੁਚੀ ਦੱਸਦੇ ਹੋਏ ਬਿਨੈ-ਪੱਤਰ ਲਿਖੋ।<br>(ਵਿਦਿਆਰਥੀ ਦਿੱਤੇ ਨੁਕਤਿਆਂ ਦੀ ਸਹਾਇਤਾ ਲੈ ਸਕਦਾ ਹੈ) | 1x6=6 |
| | ਆਰੰਭਲਾ ਭਾਗ | 2 |
| | ਵਿਸ਼ਾ ਤੇ ਵਿਸ਼ਾ ਵਿਸਤਾਰ | 3 |
| | ਅੰਤਲਾ ਭਾਗ | 1 |
| | **ਮੁਲਾਂਕਣ-** ਪੱਤਰ ਦੇ ਸਹੀ ਫਾਰਮੇਟ ਅਨੁਸਾਰ ਆਰੰਭਲੇ ਭਾਗ ਨੂੰ ਸਹੀ ਲਿਖਣ 'ਤੇ 2 ਅੰਕ ਦਿੱਤੇ ਜਾਣਗੇ। ਜੇਕਰ ਫਾਰਮੇਟ ਅਧੂਰਾ ਹੈ ਤਾਂ ਇੱਕ ਅੰਕ ਦਿੱਤਾ ਜਾਵੇਗਾ। ਵਿਸ਼ਾ ਲਿਖਣ 'ਤੇ ਇੱਕ ਅੰਕ ਦਿੱਤਾ ਜਾਏਗਾ। ਵਿਸ਼ੇ ਦਾ ਉਚਿਤ ਵਿਸਥਾਰ ਕਰਨ 'ਤੇ ਤਿੰਨ ਅੰਕ ਅਤੇ ਅਧੂਰਾ ਵਿਸ਼ਾ ਵਿਸਥਾਰ 'ਤੇ ਉਸ ਹਿਸਾਬ ਨਾਲ ਅੰਕ ਦਿੱਤੇ ਜਾਣਗੇ। ਅੰਤਲਾ ਭਾਗ ਫਾਰਮੇਟ ਅਨੁਸਾਰ ਸਹੀ ਲਿਖਣ 'ਤੇ ਇੱਕ ਅੰਕ ਅਤੇ ਅਧੂਰਾ ਲਿਖਣ 'ਤੇ ਅੱਧਾ ਅੰਕ ਦਿੱਤਾ ਜਾਵੇਗਾ।<br>**ਸੁਝਾਵ-** ਵਿਦਿਆਰਥੀ ਨੂੰ ਅੰਕ ਵੰਡ ਦੇ ਹਿਸਾਬ ਨਾਲ ਪੱਤਰ ਦੇ ਫਾਰਮੇਟ ਨੂੰ ਧਿਆਨ ਵਿੱਚ ਰੱਖ ਕੇ ਪੱਤਰ ਲਿਖਣ ਦਾ ਅਭਿਆਸ ਕਰਨਾ ਚਾਹੀਦਾ ਹੈ। | |
| 10 | ਦਿੱਤੀ ਤਸਵੀਰ ਨੂੰ ਧਿਆਨ ਨਾਲ ਦੇਖ ਕੇ 50 ਸ਼ਬਦਾਂ ਵਿੱਚ ਲਿਖੋ- | 4 |

DoE, Delhi

| | | |
|---|---|---|
| | (ਵਿਦਿਆਰਥੀ ਤਸਵੀਰ ਦੇ ਵੇਰਵੇ ਦਾ ਧਿਆਨ ਰੱਖਦੇ ਹੋਏ ਵਰਨਣ ਕਰਨਗੇ। ਸਹੀ ਵੇਰਵੇ ਅਤੇ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਅੰਕ ਦਿੱਤੇ ਜਾਣਗੇ) | |
| | ਵੇਰਵਾ | 2 |
| | ਸ਼ਬਦ ਚੋਣ | 1 |
| | ਸ਼ਬਦ ਜੋੜ | 1 |
| | **ਮੁਲਾਂਕਣ-** ਜੇਕਰ ਵਿਦਿਆਰਥੀ ਨੇ ਦਿੱਤੀ ਸ਼ਬਦ ਸੀਮਾ ਅਨੁਸਾਰ ਤਸਵੀਰ ਦੇ ਸਾਰੇ ਵੇਰਵੇ ਧਿਆਨ ਨਾਲ ਦਿੱਤੇ ਹਨ ਤਾਂ ਦੋ ਅੰਕ ਦਿੱਤੇ ਜਾਣਗੇ। ਜੇਕਰ ਵੇਰਵੇ ਅਧੂਰੇ ਹਨ ਤਾਂ ਇੱਕ ਅੰਕ ਦਿੱਤਾ ਜਾਵੇਗਾ। ਉਚਿਤ ਸ਼ਬਦ ਚੋਣ ਲਈ ਇੱਕ ਅੰਕ ਅਤੇ ਅਸਪਸ਼ਟ ਸ਼ਬਦ ਚੋਣ ਹੋਣ 'ਤੇ ਅੱਧਾ ਅੰਕ ਦਿੱਤਾ ਜਾਵੇਗਾ। ਸਾਰੇ ਸ਼ਬਦ ਜੋੜ ਸਹੀ ਹੋਣ 'ਤੇ ਇੱਕ ਅੰਕ ਦਿੱਤਾ ਜਾਵੇਗਾ।<br>**ਸੁਝਾਵ-** ਵਿਦਿਆਰਥੀ ਤਸਵੀਰ ਨੂੰ ਧਿਆਨ ਨਾਲ ਦੇਖਦੇ ਹੋਏ ਵਰਨਣ ਕਰਨ ਦਾ ਅਭਿਆਸ ਕਰਨ। ਆਪਣੇ ਸ਼ਬਦ ਭੰਡਾਰ ਨੂੰ ਵਧਾਉਣ ਅਤੇ ਸ਼ਬਦ ਜੋੜ ਦਾ ਅਭਿਆਸ ਕਰਨ। | |
| | ਨੋਟ- ਦ੍ਰਿਸ਼ਟੀਹੀਣ ਵਿਦਿਆਰਥੀਆਂ ਲਈ ਪ੍ਰਸ਼ਨ ਵਿੱਚ ਦਿੱਤੇ ਵੇਰਵੇ ਨੂੰ ਧਿਆਨ ਨਾਲ ਜਾਂਚਦੇ ਹੋਏ ਬਣਦੇ ਅੰਕ ਦਿੱਤੇ ਜਾਣ।ਤਸਵੀਰ ਵਰਨਣ ਵਾਲੀ ਅੰਕ ਵੰਡ ਇਸ ਪ੍ਰਸ਼ਨ 'ਤੇ ਵੀ ਢੁੱਕਵੀਂ ਰਹੇਗੀ। | |
| | **ਭਾਗ- IV: ਪਾਠ-ਪੁਸਤਕਾਂ 'ਤੇ ਅਧਾਰਤ ਪ੍ਰਸ਼ਨ** | |
| 11 | ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਪ੍ਰਸ਼ਨ ਹੱਲ ਕਰੋ।<br>ਨੋਟ- ਜੇਕਰ ਵਿਕਲਪ ਸਹੀ ਹੈ ਤਾਂ ਇੱਕ ਅੰਕ ਦਿੱਤਾ ਜਾਵੇਗਾ। | 5x1=5 |
| (i) | ਮਨੁੱਖ ਦੀ ਸ਼ਖਸੀਅਤ ਦੀ ਉਸਾਰੀ ਵਿੱਚ ਕਿਹੜੀ ਚੀਜ਼ ਮਹੱਤਵਪੂਰਨ ਹੈ?<br>ਉ੦- ਸਹੀ ਵਿਕਲਪ **(ਅ) ਘਰ ਦਾ ਪਿਆਰ**<br>**ਮੁਲਾਂਕਣ-** ਪਾਠ ਅਨੁਸਾਰ ਪੈਸਾ,ਸੈਰ,ਲੜਾਈ ਸਹੀ ਵਿਕਲਪ ਨਹੀਂ ਹਨ।<br>**ਸੁਝਾਵ-** ਵਿਦਿਆਰਥੀਆਂ ਨੂੰ ਪਾਠ,ਪਾਠ ਵਿੱਚ ਆਏ ਵਿਚਾਰ ਅਤੇ ਉਸਦਾ ਸਾਰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | |
| (ii) | ਸਾਡੀ ਆਤਮਾ ਦਾ ਚਿੱਤਰ ਕਿਸਨੂੰ ਮੰਨਿਆ ਗਿਆ ਹੈ?<br>ਉ੦- ਸਹੀ ਵਿਕਲਪ **(ੳ) ਬੋਲੀ**<br>**ਮੁਲਾਂਕਣ-** ਪਾਠ ਅਨੁਸਾਰ ਕਮਾਈ,ਮਿੱਤਰ,ਮਿਹਨਤ ਸਹੀ ਵਿਕਲਪ ਨਹੀਂ ਹਨ।<br>**ਸੁਝਾਵ-** ਵਿਦਿਆਰਥੀਆਂ ਨੂੰ ਪਾਠ,ਪਾਠ ਵਿੱਚ ਆਏ ਵਿਚਾਰ ਅਤੇ ਉਸਦਾ ਸਾਰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | |
| (iii) | 'ਮੇਰੇ ਵੱਡੇ-ਵਡੇਰੇ ਪਾਠ ਦਾ ਲੇਖਕ ਕੌਣ ਹੈ?<br>ਉ੦- ਸਹੀ ਵਿਕਲਪ **(ਅ) ਗਿ. ਗੁਰਦਿੱਤ ਸਿੰਘ** | |

DoE, Delhi

| | | |
|---|---|---|
| | **ਮੁਲਾਂਕਣ-** ਪ੍ਰਿੰ. ਤੇਜਾ ਸਿੰਘ,ਨਰਿੰਦਰ ਸਿੰਘ,ਗੁਰਬਖਸ਼ ਸਿੰਘ ਪ੍ਰੀਤਲੜੀ ਇਸ ਪਾਠ ਦੇ ਲੇਖਕ ਨਹੀਂ ਹਨ।<br>**ਸੁਝਾਵ-** ਵਿਦਿਆਰਥੀਆਂ ਨੂੰ ਹਰੇਕ ਪਾਠ ਦੇ ਲੇਖਕ ਦਾ ਨਾਂ ਵੀ ਪੜ੍ਹਨਾ ਅਤੇ ਯਾਦ ਰੱਖਣਾ ਚਾਹੀਦਾ ਹੈ। | |
| (iv) | ਕਰਤਾਰ ਸਿੰਘ ਦੇ ਸਿਰ ਖਾਦ ਦਾ ਕਿੰਨਾ ਕਰਜ਼ਾ ਸੀ?<br>ਉ0- ਸਹੀ ਵਿਕਲਪ **(ਅ) ਸਾਢੇ ਸੋਲਾਂ ਸੌ ਰੁਪਏ**<br>**ਮੁਲਾਂਕਣ-** ਪਾਠ ਅਨੁਸਾਰ ਦੋ ਹਜ਼ਾਰ,ਪੰਜ ਹਜ਼ਾਰ,ਸਾਢੇ ਚੌਦਾਂ ਸੌ ਰੁਪਏ ਦੀ ਰਕਮ ਦਾ ਕੋਈ ਕਰਜ ਨਹੀਂ ਸੀ।<br>**ਸੁਝਾਵ-** ਵਿਦਿਆਰਥੀਆਂ ਨੂੰ ਪਾਠ ਦੇ ਹਰੇਕ ਛੋਟੇ ਤੋਂ ਛੋਟੇ ਵੇਰਵੇ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | |
| (v) | ਮਾਨ ਸਿੰਘ ਨੂੰ ਕਰਮ ਸਿੰਘ ਦੀ ਮੌਤ ਦੀ ਖਬਰ ਕਿਸ ਤੋਂ ਪਤਾ ਲੱਗੀ?<br>ਉ0- ਸਹੀ ਵਿਕਲਪ **(ੲ) ਡਾਕੀਏ ਤੋਂ**<br>**ਮੁਲਾਂਕਣ-** ਮਾਨ ਸਿੰਘ ਨੂੰ ਪਿੰਡ ਦੇ ਲੋਕਾਂ ਤੋਂ,ਅਖਬਾਰਾਂ ਤੋਂ,ਗੁਆਂਢੀਆਂ ਤੋਂ ਕਰਮ ਸਿੰਘ ਦੀ ਮੌਤ ਦੀ ਖਬਰ ਨਹੀਂ ਪਤਾ ਲੱਗੀ ਸੀ।<br>**ਸੁਝਾਵ-** ਵਿਦਿਆਰਥੀਆਂ ਨੂੰ ਪਾਠ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | |
| (vi) | ਕਾਕਾ ਆਪਣੇ ਪਿਤਾ ਜੀ ਤੋਂ ਕੀ ਮੰਗਦਾ ਹੈ?<br>ਉ0- ਸਹੀ ਵਿਕਲਪ **(ਸ) ਇੱਕ ਟਕਾ**<br>**ਮੁਲਾਂਕਣ-** ਪਾਠ ਅਨੁਸਾਰ ਕਾਕਾ ਰੁਪਈਆ, ਆਨਾ,ਪੰਜ ਟਕੇ ਨਹੀਂ ਸਿਰਫ਼ ਇੱਕ ਟਕਾ ਹੀ ਮੰਗ ਰਿਹਾ ਸੀ।<br>**ਸੁਝਾਵ-** ਵਿਦਿਆਰਥੀ ਸਮੇਂ ਅਨੁਸਾਰ ਮੁਦਰਾ ਵਿੱਚ ਆਏ ਬਦਲਾਵਾਂ ਅਤੇ ਉਹਨਾਂ ਦੇ ਮੁੱਲ ਵਿੱਚ ਆਏ ਬਦਲਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ। | |
| 12 | ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ)<br>ਨੋਟ- ਸਹੀ ਵਿਕਲਪ ਲਈ ਇੱਕ ਅੰਕ ਦਿੱਤਾ ਜਾਵੇਗਾ। | 5x1=5 |
| (i) | ਸ੍ਰਿਸ਼ਟੀ ਦੀ ਨਿਰੰਤਰਤਾ ਕਿਸ ਤੋਂ ਬਗੈਰ ਕਾਇਮ ਨਹੀਂ ਰਹਿ ਸਕਦੀ?<br>ਉ0- ਸਹੀ ਵਿਕਲਪ **(ੳ) ਇਸਤਰੀ ਤੋਂ**<br>**ਮੁਲਾਂਕਣ-** ਪਾਠ ਅਨੁਸਾਰ ਧਰਤੀ ਤੋਂ,ਆਦਮੀ ਤੋਂ,ਰੁੱਖਾਂ ਤੋਂ ਸਹੀ ਵਿਕਲਪ ਨਹੀਂ ਹਨ।<br>**ਸੁਝਾਵ-** ਪਾਠ ਵਿੱਚ ਆਏ ਵਿਚਾਰਾਂ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ ਤੇ ਕੇਂਦਰੀ ਭਾਵ ਨੂੰ ਧਿਆਨ ਨਾਲ ਸਮਝਣਾ ਚਾਹੀਦਾ ਹੈ। | |
| (ii) | 'ਸਤਿਗੁਰ ਨਾਨਕ ਪ੍ਰਗਟਿਆ' ਕਿਸ ਦੀ ਰਚਨਾ ਹੈ?<br>ਉ0- ਸਹੀ ਵਿਕਲਪ **(ਅ) ਭਾਈ ਗੁਰਦਾਸ ਜੀ**<br>**ਮੁਲਾਂਕਣ-** ਗੁਰੂ ਨਾਨਕ ਦੇਵ ਜੀ,ਗੁਰੂ ਅਰਜਨ ਦੇਵ ਜੀ,ਗੁਰੂ ਤੇਗ ਬਹਾਦਰ ਜੀ ਨੇ ਇਹ ਰਚਨਾ ਨਹੀਂ ਲਿਖੀ। | |

DoE, Delhi

| | | |
|---|---|---|
| | **ਸੁਝਾਵ-** ਹਰੇਕ ਪਾਠ ਦੇ ਲੇਖਕ ਦਾ ਨਾਂ ਵੀ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | |
| (iii) | ਔਰੰਗਜ਼ੇਬ ਕੌਣ ਸੀ?<br>ਉ੦- ਸਹੀ ਵਿਕਲਪ **(ਸ) ਮੁਗਲ ਸ਼ਹਿਨਸ਼ਾਹ**<br>**ਮੁਲਾਂਕਣ-** ਔਰੰਗਜ਼ੇਬ ਮੰਤਰੀ,ਸਿਪਾਹੀ,ਅਹਿਲਕਾਰ ਨਹੀਂ ਬਲਕਿ ਮੁਗਲ ਸ਼ਹਿਨਸ਼ਾਹ ਸੀ।<br>**ਸੁਝਾਵ-** ਜ਼ਫ਼ਰਨਾਮਾ ਇੱਕ ਇਤਿਹਾਸਿਕ ਇਕਾਂਗੀ ਹੈ। ਵਿਦਿਆਰਥੀਆਂ ਨੂੰ ਇਸਦੇ ਪਾਤਰਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ। | |
| (iv) | ਜਿਸ ਜੀਵ 'ਤੇ ਗੁਰੂ ਦਿਆਲ ਹੋਏ ਉਹ ਜੀਵ ਨੂੰ ਕਿਸ ਨਾਲ ਮਿਲਾਉਂਦਾ ਹੈ?'ਕਿਰਪਾ ਕਰਿ ਕੈ ਬਖਸਿ ਲੇਹੁ' ਰਚਨਾ ਦੇ ਆਧਾਰ 'ਤੇ ਉੱਤਰ ਦਿਓ-<br>ਉ੦- ਸਹੀ ਵਿਕਲਪ **(ਅ) ਪਰਮਾਤਮਾ ਨਾਲ**<br>**ਮੁਲਾਂਕਣ-** ਪਾਠ ਅਨੁਸਾਰ ਮਿੱਤਰ ਨਾਲ,ਆਤਮਾ ਨਾਲ,ਅਜਨਬੀ ਨਾਲ ਸਹੀ ਵਿਕਲਪ ਨਹੀਂ ਹਨ।<br>**ਸੁਝਾਵ-** ਵਿਦਿਆਰਥੀਆਂ ਨੂੰ ਪਾਠ ਵਿੱਚ ਆਏ ਵਿਚਾਰਾਂ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | |
| (v) | 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਵਿੱਚ 'ਬੰਧਪ' ਸ਼ਬਦ ਤੋਂ ਕੀ ਭਾਵ ਹੈ?<br>ਉ੦- ਸਹੀ ਵਿਕਲਪ **(ਸ) ਰਿਸ਼ਤੇਦਾਰ**<br>**ਮੁਲਾਂਕਣ-** ਸਹਿਪਾਠੀ,ਗੁਆਂਢੀ,ਮਿੱਤਰ ਸਹੀ ਵਿਕਲਪ ਨਹੀਂ ਹਨ।<br>**ਸੁਝਾਵ-** ਵਿਦਿਆਰਥੀਆਂ ਨੂੰ ਔਖੇ ਸ਼ਬਦਾਂ ਦੇ ਅਰਥਾਂ ਦਾ ਅਭਿਆਸ ਕਰਨਾ ਚਾਹੀਦਾ ਹੈ। | |
| (vi) | 'ਦੂਜਾ ਵਿਆਹ' ਇਕਾਂਗੀ ਵਿੱਚ ਮਨਜੀਤ ਦੇ ਪਤੀ ਦਾ ਕੀ ਨਾਂ ਹੈ?<br>ਉ੦- ਸਹੀ ਵਿਕਲਪ **(ੳ) ਸੁਖਦੇਵ**<br>**ਮੁਲਾਂਕਣ-** ਇਕਾਂਗੀ ਅਨੁਸਾਰ ਗੁਰਦੇਵ,ਹਰਦੇਵ,ਮਨਪ੍ਰੀਤ ਸਹੀ ਵਿਕਲਪ ਨਹੀਂ ਹਨ।<br>**ਸੁਝਾਵ-** ਵਿਦਿਆਰਥੀਆਂ ਨੂੰ ਇਕਾਂਗੀ ਦੇ ਪਾਤਰਾਂ ਦੇ ਨਾਂ,ਰਿਸ਼ਤਿਆਂ ਅਤੇ ਸੁਭਾਅ ਬਾਰੇ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | |
| 13 | ਕਹਾਣੀ ਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਲਿਖੋ)<br>ਨੋਟ- ਢੁਕਵਾਂ ਉੱਤਰ ਲਿਖਣ 'ਤੇ ਇੱਕ ਅੰਕ ਦਿੱਤਾ ਜਾਵੇਗਾ। | 4x1=4 |
| (i) | ਕਾਕਾ ਨੀਂਦ ਵਿੱਚ ਕੀ ਬੁੜਬੁੜਾ ਰਿਹਾ ਸੀ?<br>ਉ੦- ਕੁਫ਼ੀ-ਕੁਫ਼ੀ<br>**ਮੁਲਾਂਕਣ-** ਬੱਚੇ ਨੀਂਦ ਵਿੱਚ ਅਕਸਰ ਬੁੜਬੁੜਾਉਂਦੇ ਹਨ ਪਰ ਕਾਕਾ ਨੀਂਦ ਵਿੱਚ ਕੁਫ਼ੀ-ਕੁਫ਼ੀ ਬੁੜਬੁੜਾ ਰਿਹਾ ਸੀ। ਜੇਕਰ ਢੁਕਵਾਂ ਸ਼ਬਦ ਲਿਖਿਆ ਗਿਆ ਹੈ ਤਾਂ ਇੱਕ ਅੰਕ ਦਿੱਤਾ ਜਾਵੇਗਾ। | |

DoE, Delhi

| | | |
|---|---|---|
| | **ਸੁਝਾਵ-** ਵਿਦਿਆਰਥੀਆਂ ਨੂੰ ਪਾਠ ਦੀ ਹਰੇਕ ਘਟਨਾ ਨੂੰ ਬਰੀਕੀ ਨਾਲ ਪੜ੍ਹਨਾ ਚਾਹੀਦਾ ਹੈ। | |
| (ii) | ਡਾਕੀਆ ਕਿਸ ਦੀ ਪੈਨਸ਼ਨ ਦੇ ਕਾਗਜ਼ ਲੈ ਕੇ ਆਇਆ ਸੀ?<br>ਉ੦- ਕਰਮ ਸਿੰਘ ਦੀ।<br>**ਮੁਲਾਂਕਣ-** ਜੇਕਰ ਉੱਤਰ ਢੁਕਵਾਂ ਹੈ ਤਾਂ ਇੱਕ ਅੰਕ ਦਿੱਤਾ ਜਾਵੇਗਾ।<br>**ਸੁਝਾਵ-** ਵਿਦਿਆਰਥੀਆਂ ਨੂੰ ਪਾਠ ਦੀ ਹਰੇਕ ਘਟਨਾ ਨੂੰ ਬਰੀਕੀ ਨਾਲ ਪੜ੍ਹਨਾ ਚਾਹੀਦਾ ਹੈ। | |
| (iii) | ਦੁਨੀਆ ਦਾ ਸਭ ਤੋਂ ਸਿਆਣਾ ਆਦਮੀ ਕਿਸ ਨੂੰ ਮੰਨਿਆ ਗਿਆ ਹੈ?<br>ਉ੦- ਸੁਕਰਾਤ<br>**ਮੁਲਾਂਕਣ-** ਪਾਠ ਵਿੱਚ ਹੋਰ ਵੀ ਕਈ ਮਹਾਨ ਸ਼ਖਸੀਅਤਾਂ ਦਾ ਜ਼ਿਕਰ ਆਇਆ ਹੈ ਪਰ ਜੇਕਰ ਵਿਦਿਆਰਥੀ ਨੇ ਸੁਕਰਾਤ ਲਿਖਿਆ ਹੈ ਤਾਂ ਇੱਕ ਅੰਕ ਦਿੱਤਾ ਜਾਵੇਗਾ।<br>**ਸੁਝਾਵ-** ਪਾਠ ਵਿੱਚ ਜ਼ਿਕਰ ਕੀਤੀਆਂ ਸ਼ਖਸੀਅਤਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। | |
| (iv) | ਅਰਦਾਸ ਕਿਸ-ਕਿਸ ਸਮੇਂ ਕੀਤੀ ਜਾਂਦੀ ਹੈ?<br>ਉ੦- ਜਨਮ,ਮਰਨ,ਵਿਆਹ ਹਰ ਵੇਲੇ<br>**ਮੁਲਾਂਕਣ-** ਜੇਕਰ ਵਿਦਿਆਰਥੀ ਨੇ ਉਪਰੋਕਤ ਉੱਤਰ ਲਿਖਿਆ ਹੈ ਤਾਂ ਇੱਕ ਅੰਕ ਦਿੱਤਾ ਜਾਵੇਗਾ।<br>**ਸੁਝਾਵ-** ਪਾਠ ਨੂੰ ਧਿਆਨ ਨਾਲ ਪੜ੍ਹਿਆ ਜਾਏ। | |
| (v) | ਮੇਰੇ ਵੱਡੇ-ਵਡੇਰੇ ਲੇਖ ਵਿੱਚ ਬਾਬਿਆਂ ਨੇ ਰੋਟੀ ਖਾਂਦੇ ਹੋਏ ਕੀ ਚੱਟ ਕਰ ਦਿੱਤਾ?<br>ਉ੦- ਗੁੜ ਦੇ ਪ੍ਰਸ਼ਾਦ ਦਾ ਕੜਾਹਾ<br>**ਮੁਲਾਂਕਣ-** ਪਾਠ ਅਨੁਸਾਰ ਸਹੀ ਵੇਰਵਾ ਗੁੜ ਦੇ ਪ੍ਰਸ਼ਾਦ ਦਾ ਕੜਾਹਾ ਹੈ। ਇਹ ਲਿਖਣ 'ਤੇ ਇੱਕ ਅੰਕ ਦਿੱਤਾ ਜਾਵੇਗਾ।<br>**ਸੁਝਾਵ-** ਵਿਦਿਆਰਥੀ ਨੂੰ ਪਾਠ ਦੇ ਹਰੇਕ ਵੇਰਵੇ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | |
| 14 | ਕਹਾਣੀ,ਵਾਰਤਕ ਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ।)<br>ਨੋਟ- ਪ੍ਰਸ਼ਨ ਦੇ ਉੱਤਰ ਦੀ ਸ਼ਬਦ ਸੀਮਾ ਤੇ ਉਚਿਤ ਵੇਰਵੇ ਨੂੰ ਧਿਆਨ ਵਿੱਚ ਰੱਖ ਕੇ ਦੋ ਅੰਕ ਦਿੱਤੇ ਜਾਣ। | 7x2=14 |
| (i) | ਕਰਤਾਰ ਸਿੰਘ ਦੇ ਛੋਟੀ ਉਮਰ ਵਿੱਚ ਹੀ ਦੁਨੀਆ ਤੋਂ ਤੁਰ ਜਾਣ ਦਾ ਕੀ ਕਾਰਨ ਸੀ?<br>ਉ੦- ਨਸ਼ਾ ਅਤੇ ਉਸਦੇ ਮਾਰੂ ਪ੍ਰਭਾਵ<br>**ਮੁਲਾਂਕਣ-** ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਉੱਤਰ ਲਿਖਦਾ ਹੈ ਤਾਂ ਦੋ ਅੰਕ ਦਿੱਤੇ ਜਾਣਗੇ। | |

DoE Delhi

| | | |
|---|---|---|
| | **ਸੁਝਾਵ-** ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣਾ ਚਾਹੀਦਾ ਹੈ। | |
| (ii) | ਮਨੁੱਖ ਦੀਆਂ ਸਰੀਰਕ ਸਮੱਸਿਆਵਾਂ ਕਿਉਂ ਵੱਧ ਰਹੀਆਂ ਹਨ?<br>ਉ੦- ਤੁਰਨਾ ਛੱਡਣ ਅਤੇ ਬਦਲਦੀ ਜੀਵਨ ਸ਼ੈਲੀ ਕਾਰਨ<br>**ਮੁਲਾਂਕਣ-** ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਉੱਤਰ ਲਿਖਦਾ ਹੈ ਤਾਂ ਦੋ ਅੰਕ ਦਿੱਤੇ ਜਾਣਗੇ।<br>**ਸੁਝਾਵ-** ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣਾ ਚਾਹੀਦਾ ਹੈ। | |
| (iii) | ਮਹਾਰਾਜਾ ਰਣਜੀਤ ਸਿੰਘ ਨੇ ਕੈਦੀ ਦੀ ਸਜ਼ਾ ਮੁਆਫ਼ ਕਿਉਂ ਕਰ ਦਿੱਤੀ?<br>ਉ੦- ਚੰਗੀ ਨੀਂਦ ਆਉਣ ਦੇ ਸ਼ੁਕਰਾਨੇ ਵਜੋਂ<br>**ਮੁਲਾਂਕਣ-** ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਉੱਤਰ ਲਿਖਦਾ ਹੈ ਤਾਂ ਦੋ ਅੰਕ ਦਿੱਤੇ ਜਾਣਗੇ।<br>**ਸੁਝਾਵ-** ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣਾ ਚਾਹੀਦਾ ਹੈ। | |
| (iv) | ਔਰੰਗਜ਼ੇਬ ਨੂੰ ਕਿਸ ਗੱਲ ਦਾ ਡਰ ਸੀ?<br>ਉ੦- ਤੱਖਤੋ-ਤਾਜ਼ ਲਈ ਬੇਟਿਆਂ ਵਿੱਚ ਜੰਗ ਹੋਣ ਦਾ<br>**ਮੁਲਾਂਕਣ-** ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਉੱਤਰ ਲਿਖਦਾ ਹੈ ਤਾਂ ਦੋ ਅੰਕ ਦਿੱਤੇ ਜਾਣਗੇ।<br>**ਸੁਝਾਵ-** ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣਾ ਚਾਹੀਦਾ ਹੈ। | |
| (v) | 'ਕੁਲਫ਼ੀ' ਕਹਾਣੀ ਵਿੱਚ ਲੇਖਕ ਕਾਕੇ ਨੂੰ ਟਾਲਣ ਲਈ ਕੀ ਕਹਿੰਦਾ ਹੈ?<br>ਉ੦- ਮੁਰਮੁਰਾ ਗੰਦਾ ਹੁੰਦਾ,ਸ਼ਾਮੀਂ ਕੁਲਫ਼ੀ ਖਾਵਾਂਗੇ<br>**ਮੁਲਾਂਕਣ-** ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਉੱਤਰ ਲਿਖਦਾ ਹੈ ਤਾਂ ਦੋ ਅੰਕ ਦਿੱਤੇ ਜਾਣਗੇ।<br>**ਸੁਝਾਵ-** ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣਾ ਚਾਹੀਦਾ ਹੈ। | |
| (vi) | ਕਰਮ ਸਿੰਘ ਦਾ ਸੁਭਾਅ ਕਿਹੋ ਜਿਹਾ ਸੀ?<br>ਉ੦- ਮਿੱਠ-ਬੋਲੜਾ | |

DoE Delhi

| | | |
|---|---|---|
| | **ਮੁਲਾਂਕਣ-** ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਉੱਤਰ ਲਿਖਦਾ ਹੈ ਤਾਂ ਦੋ ਅੰਕ ਦਿੱਤੇ ਜਾਣਗੇ।<br>**ਸੁਝਾਵ-** ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣਾ ਚਾਹੀਦਾ ਹੈ। | |
| (vii) | ਨਿਹਾਲ ਕੌਰ ਵੱਲੋਂ ਆਪਣੇ ਪੁੱਤਰ ਦਾ ਦੂਜਾ ਵਿਆਹ ਕਰਨ ਦੀ ਧਮਕੀ ਦੇਣ ਉੱਤੇ ਮਨਜੀਤ ਕੀ ਆਖਦੀ ਹੈ?<br>ਉ०- ਸੌਖੇ ਮਗਰੋਂ ਨਹੀਂ ਲਹਿਣ ਵਾਲੀ,ਤੁਹਾਡੇ ਦਰ ਉੱਤੇ ਮਰ ਜਾਏਗੀ<br>**ਮੁਲਾਂਕਣ-** ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਉੱਤਰ ਲਿਖਦਾ ਹੈ ਤਾਂ ਦੋ ਅੰਕ ਦਿੱਤੇ ਜਾਣਗੇ।<br>**ਸੁਝਾਵ-** ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣਾ ਚਾਹੀਦਾ ਹੈ। | |
| (viii) | ਸਾਡੇ ਰੋਜ਼ਾਨਾ ਜੀਵਨ ਵਿੱਚ ਬੋਲੀ ਦਾ ਕੀ ਮਹੱਤਵ ਹੈ?<br>ਉ०- ਬੋਲੀ ਆਤਮਾ ਦਾ ਚਿੱਤਰ ਹੈ।<br>**ਮੁਲਾਂਕਣ-** ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਉੱਤਰ ਲਿਖਦਾ ਹੈ ਤਾਂ ਦੋ ਅੰਕ ਦਿੱਤੇ ਜਾਣਗੇ।<br>**ਸੁਝਾਵ-** ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣਾ ਚਾਹੀਦਾ ਹੈ। | |
| 15 | ਕਵਿਤਾ ਤੇ ਵਾਰਤਕ ਵਿੱਚੋਂ (ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ)<br>ਨੋਟ- ਨਿਰਦੇਸ਼ਾਂ ਅਨੁਸਾਰ ਸਹੀ ਉੱਤਰ ਲਿਖਣ 'ਤੇ ਚਾਰ ਅੰਕ ਦਿੱਤੇ ਜਾਣਗੇ। | 2x4=8 |
| (i) | 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਰਚਨਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।<br>ਉ०- ਪਰਮਾਤਮਾ ਸਿਰਜਣਹਾਰ,ਪਾਲਣਹਾਰ ਤੇ ਸਭ ਥਾਈਂ ਸਹਾਈ ਹੈ।<br>**ਮੁਲਾਂਕਣ-** ਇਸ ਪ੍ਰਸ਼ਨ ਵਿੱਚ ਰਚਨਾ ਦੇ ਕੇਂਦਰੀ ਭਾਵ ਬਾਰੇ ਪੁੱਛਿਆ ਹੈ। ਵਿਦਿਆਰਥੀ ਸ਼ਬਦ ਸੀਮਾ ਅਤੇ ਮੁੱਖ ਭਾਵ ਨੂੰ ਧਿਆਨ ਵਿੱਚ ਰੱਖਦੇ ਹੋਏ ਉੱਤਰ ਦਿੰਦਾ ਹੈ ਅਤੇ ਸ਼ਬਦ ਜੋੜ ਗਲਤੀਆਂ ਨਹੀਂ ਕਰਦਾ ਤੇ ਸ਼ਬਦ ਚੋਣ ਰਚਨਾ ਅਧਾਰਤ ਰੱਖਦਾ ਹੈ ਤਾਂ ਪੂਰੇ ਅੰਕ ਦਿੱਤੇ ਜਾਣ।<br>**ਸੁਝਾਵ-** ਵਿਦਿਆਰਥੀ ਨੂੰ ਰਚਨਾ ਧਿਆਨ ਨਾਲ ਪੜ੍ਹ ਕੇ ਲਿਖਣ ਦਾ ਅਭਿਆਸ ਕਰਨਾ ਚਾਹੀਦਾ ਹੈ।<br>ਜਾਂ | |

DoE Delhi

| | | |
|---|---|---|
| | ‘ਜੰਗ ਦਾ ਹਾਲ’ ਰਚਨਾ ਵਿੱਚ ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ ਦਾ ਜੋ ਹਾਲ ਬਿਆਨ ਕੀਤਾ ਹੈ। ਉਸਨੂੰ ਆਪਣੇ ਸ਼ਬਦਾਂ ਵਿੱਚ ਲਿਖੋ।<br>ਉ੦- ਸਿੰਘਾਂ ਤੇ ਅੰਗਰੇਜ਼ਾਂ ਵਿੱਚ ਘਮਾਸਾਨ ਯੁੱਧ ਹੋਇਆ ਪਰੰਤੂ ਅੰਤ ਵਿੱਚ ਸਿੱਖ ਫੌਜਾਂ ਦੇ ਹਾਰਨ ਦਾ ਜ਼ਿਕਰ ਹੈ।<br>**ਮੁਲਾਂਕਣ-** ਰਚਨਾ ਅਨੁਸਾਰ ਸਾਰੇ ਵੇਰਵੇ ਸਹੀ ਹੋਣ,ਸ਼ੁੱਧ ਸ਼ਬਦ ਜੋੜ ਅਤੇ ਸ਼ਬਦ ਸੀਮਾ ਅਨੁਸਾਰ ਉੱਤਰ ਹੋਣ ‘ਤੇ ਪੂਰੇ ਅੰਕ ਦਿੱਤੇ ਜਾਣ।<br>**ਸੁਝਾਵ-** ਵਿਦਿਆਰਥੀਆਂ ਨੂੰ ਪ੍ਰਸ਼ਨ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ ਅਤੇ ਰਚਨਾ ਅਨੁਸਾਰ ਸਹੀ ਉੱਤਰ ਦਾ ਵੇਰਵਾ ਦੇਣ ਦਾ ਅਭਿਆਸ ਕਰਨਾ ਚਾਹੀਦਾ ਹੈ। | |
| (ii) | ਵੱਡਿਆਂ ਨੂੰ ਬੱਚਿਆਂ ਦੀ ਬੋਲੀ ਵੱਲ ਵਿਸ਼ੇਸ਼ ਧਿਆਨ ਕਿਉਂ ਦੇਣਾ ਚਾਹੀਦਾ ਹੈ?<br>ਉ੦- ਬੋਲੀ ਦਾ ਖਜ਼ਾਨਾ ਬਚਪਨ ਤੋਂ ਹੀ ਭਰਨਾ ਸ਼ੁਰੂ ਹੁੰਦਾ ਹੈ। ਇਸਲਈ ਇਸ ਸਮੇਂ ਵੱਡਿਆਂ ਦੁਆਰਾ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੁੰਦੀ ਹੈ।<br>**ਮੁਲਾਂਕਣ-** ਪਾਠ ਅਨੁਸਾਰ ਸਹੀ ਵੇਰਵੇ ਦੇਣ,ਸ਼ੁੱਧ ਸ਼ਬਦ ਜੋੜ, ਸ਼ਬਦ ਸੀਮਾ ਆਦਿ ਦਾ ਧਿਆਨ ਰੱਖਦੇ ਹੋਏ ਲਿਖੇ ਗਏ ਉੱਤਰ ਦੇ ਪੂਰੇ ਅੰਕ ਦਿੱਤੇ ਜਾਣ।<br>**ਸੁਝਾਵ-** ਵਿਦਿਆਰਥੀਆਂ ਨੂੰ ਪ੍ਰਸ਼ਨ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ ਅਤੇ ਰਚਨਾ ਅਨੁਸਾਰ ਸਹੀ ਉੱਤਰ ਦਾ ਵੇਰਵਾ ਦੇਣ ਦਾ ਅਭਿਆਸ ਕਰਨਾ ਚਾਹੀਦਾ ਹੈ।<br>ਜਾਂ<br>“ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਪਿਆਰ ਪੈਦਾ ਹੁੰਦਾ ਹੈ।“ ਇਸ ਕਥਨ ਦੀ ਵਿਆਖਿਆ ਕਰੋ।<br>ਉ੦- ਜਿਹੜੇ ਲੋਕ ਆਪਣੇ ਘਰ-ਪਰਿਵਾਰ ਉੱਤੇ ਔਕੜ ਨਹੀਂ ਦੇਖ ਸਕਦੇ ਉਹੀ ਲੋਕ ਦੇਸ਼ ਬਾਰੇ ਸੋਚਦੇ ਹਨ।<br>**ਮੁਲਾਂਕਣ-** ਪਾਠ ਵਿੱਚ ਆਏ ਵਿਚਾਰਾਂ ਅਨੁਸਾਰ ਸਹੀ ਉੱਤਰ ਲਿਖਣ ‘ਤੇ ਪੂਰੇ ਅੰਕ ਦਿੱਤੇ ਜਾਣ।<br>**ਸੁਝਾਵ-** ਵਿਦਿਆਰਥੀ ਨੂੰ ਪਾਠ ਦੇ ਹਰੇਕ ਵੇਰਵੇ ਨੂੰ ਧਿਆਨ ਨਾਲ ਪੜ੍ਹਨਾ ਅਤੇ ਲਿਖਣ ਦਾ ਅਭਿਆਸ ਕਰਨਾ ਚਾਹੀਦਾ ਹੈ। | |
| 16 | ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ)<br>ਨੋਟ- ਕਿਸੇ ਇੱਕ ਪ੍ਰਸ਼ਨ ਦਾ ਉੱਤਰ ਨਿਰਦੇਸ਼ਾਂ ਅਨੁਸਾਰ ਲਿਖਣ ‘ਤੇ ਚਾਰ ਅੰਕ ਦਿੱਤੇ ਜਾਣਗੇ। | 1x4=4 |
| | ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਜਾਣ ਕੇ ਜ਼ੀਨਤ,ਔਰੰਗਜ਼ੇਬ ਨੂੰ ਕੀ ਕਹਿੰਦੀ ਹੈ?<br>ਉ੦- ਔਰੰਗਜ਼ੇਬ ਆਪਣੇ ਪੁੱਤਰ ਦੀ ਮੌਤ ਉੱਤੇ ਤਾਂ ਰੋਂਦਾ ਹੈ ਪਰੰਤੂ ਛੋਟੇ ਸਾਹਿਬਜ਼ਾਦਿਆਂ ਨਾਲ ਹੋਏ ਜ਼ੁਲਮ ਬਾਰੇ ਚੁੱਪ ਹੈ। | |

DoE Delhi

| | | |
|---|---|---|
| | **ਮੁਲਾਂਕਣ-** ਇਕਾਂਗੀ ਵਿੱਚ ਦਿੱਤੇ ਵੇਰਵੇ ਅਨੁਸਾਰ ਸਹੀ ਉੱਤਰ ਲਿਖਣ ‘ਤੇ ਪੂਰੇ ਅੰਕ ਦਿੱਤੇ ਜਾਣ।<br>**ਸੁਝਾਵ-** ਵਿਦਿਆਰਥੀਆਂ ਨੂੰ ਇਕਾਂਗੀ ਵਿੱਚ ਆਏ ਸਾਰੇ ਵੇਰਵੇ ਅਤੇ ਘਟਨਾਵਾਂ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ।<br>ਜਾਂ<br>‘ਦੂਜਾ ਵਿਆਹ’ ਇਕਾਂਗੀ ਵਿੱਚੋਂ ਦੂਜੇ ਵਿਆਹ ਬਾਰੇ ਮਨਜੀਤ ਨੂੰ ਵਾਰ-ਵਾਰ ਧਮਕੀ ਮਿਲਣ ਪਿੱਛੇ ਕੀ ਸੋਚ ਕੰਮ ਕਰਦੀ ਹੈ? ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ।<br>ਉ੦- ਇਕਾਂਗੀ ਵਿੱਚ ਨਵੀਂ-ਪੁਰਾਣੀ ਸੋਚ ਦਾ ਤਕਰਾਰ ਸੱਸ-ਨੂੰਹ ਦੇ ਮਾਧਿਅਮ ਰਾਹੀਂ ਸਾਹਮਣੇ ਆਉਂਦਾ ਹੈ ਜਿਸ ਵਿੱਚ ਜਾਗੀਰਦਾਰੀ ਸੋਚ ਭਾਰੂ ਹੈ। ਜਿੱਥੇ ਨੂੰਹ ਨੂੰ ਵੱਸ ਵਿੱਚ ਰੱਖਣ ਲਈ ਦੂਜੇ ਵਿਆਹ ਦੀ ਧਮਕੀ ਦੇਣਾ ਜ਼ਰੂਰੀ ਸਮਝਿਆ ਜਾਂਦਾ ਹੈ।<br>**ਮੁਲਾਂਕਣ-** ਇਕਾਂਗੀ ਵਿੱਚ ਦਿੱਤੇ ਵੇਰਵੇ ਅਨੁਸਾਰ ਸਹੀ ਉੱਤਰ ਲਿਖਣ ‘ਤੇ ਪੂਰੇ ਅੰਕ ਦਿੱਤੇ ਜਾਣ।<br>**ਸੁਝਾਵ-** ਵਿਦਿਆਰਥੀਆਂ ਨੂੰ ਇਕਾਂਗੀ ਵਿੱਚ ਆਏ ਸਾਰੇ ਵੇਰਵੇ ਅਤੇ ਘਟਨਾਵਾਂ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | |

DoE, Delhi